# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :24-09-2025**

## <u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਆਰਥਿਕ ਸ਼ਕਤੀ ਵਜੋਂ ਵਧਦੀ ਸਾਖ ਦੇ ਨਾਲ ਨਾਲ ਭਾਰਤ ਦੀ ਸੱਭਿਆਚਾਰਕ ਸ਼ਕਤੀ ਵਜੋਂ ਪਛਾਣ ਨੂੰ ਮਜ਼ਬੂਤ ਕਰਨ ਲਈ, ਸਾਂਝੇ ਉਪਰਾਲਿਆਂ ਦੀ ਲੋੜ 'ਤੇ ਜ਼ੋਰ ਦਿੱਤਾ।
- ਚੋਣ ਕਮਿਸ਼ਨ ਵਲੋਂ ਲੁਧਿਆਣਾ ਤੋਂ ਇੱਕ ਰਾਜ ਸਭਾ ਸੀਟ ਲਈ ਜ਼ਿਮਨੀ-ਚੋਣ ਦਾ ਐਲਾਨ।
- ਪਠਾਨਕੋਟ ਜ਼ਿਲੇ ਦੇ ਪਿੰਡ ਰਾਮ-ਕਲਮਾ ਦੀ ਪੰਚਾਇਤ ਨੇ ਨਿਵੇਕਲੀ ਪਹਿਲਕਦਮੀ ਕਰਦਿਆਂ ਬੱਚਿਆਂ ਨੂੰ ਔਨਲਾਈਨ ਪੜ੍ਹਾਈ ਦੀ ਸਹੂਲਤ ਦੇਣ ਲਈ, BSNL ਨਾਲ ਸਾਂਝੇਦਾਰੀ ਕਰਕੇ ਪੂਰੇ ਪਿੰਡ ਨੂੰ Wi-Fi ਸਿਸਟਮ ਨਾਲ ਜੋੜਿਆ ।

- ਫੌਜ ਦੀ ਪੱਛਮੀ ਕਮਾਂਡ ਵਲੋਂ 1965 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਭਾਰਤ ਦੀ ਇਤਿਹਾਸਕ ਜਿੱਤ ਦੀ ਡਾਇਮੰਡ ਜੁਬਲੀ ਉਤਸ਼ਾਹ ਨਾਲ ਮਨਾਈ ਗਈ।
- ਲੁਧਿਆਣਾ ਦੇ ਇੱਕ ਘਰ ਵਿੱਚ ਅੱਗ ਲਗਨ ਕਾਰਨ, ਇੱਕ ਬਜ਼ੁਰਗ ਔਰਤ ਅਤੇ ਬੱਚੇ ਦੀ ਹੋਈ ਮੌਤ ।
- ਅੱਜ ਏਸ਼ੀਆ ਕੱਪ ਟਵੇਂਟ -20 ਕ੍ਰਿਕਟ ਮੈਚ ਦੇ ਸੁਪਰ ਫੋਰ ਗੇੜ ਵਿੱਚ ਭਾਰਤ ਦਾ ਮੁਕਾਬਲਾ ਬੰਗਲਾਦੇਸ਼ ਨਾਲ ਹੋਵੇਗਾ।

## ਹੁਣ ਖਬਰਾਂ ਵਿਸਥਾਰ ਨਾਲ

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਆਰਥਿਕ ਸ਼ਕਤੀ ਵਜੋਂ ਵਧਦੀ ਸਾਖ ਦੇ ਨਾਲ ਨਾਲ ਭਾਰਤ ਦੀ ਸੱਭਿਆਚਾਰਕ ਸ਼ਕਤੀ ਵਜੋਂ ਪਛਾਣ ਨੂੰ ਮਜ਼ਬੂਤ ਕਰਨ ਲਈ ਸਮੂਹਿਕ ਉਪਰਾਲਿਆਂ ਦੀ ਲੋੜ 'ਤੇ ਜ਼ੋਰ ਦਿੱਤਾ ਏ । ਨਵੀਂ ਦਿੱਲੀ ਵਿੱਚ ਲਲਿਤ ਕਲਾ ਅਕਾਦਮੀ ਦੁਆਰਾ ਆਯੋਜਿਤ 64ਵੀਂ ਰਾਸ਼ਟਰੀ ਕਲਾ ਪ੍ਰਦਰਸ਼ਨੀ ਵਿੱਚ ਬੋਲਦਿਆਂ, ਰਾਸ਼ਟਰਪਤੀ ਨੇ ਕਿਹਾ ਕਿ ਕਲਾ ਸੱਭਿਆਚਾਰਕ ਵਿਰਾਸਤ ਨੂੰ ਅਮੀਰ ਬਣਾਉਣ ਅਤੇ ਸਮਾਜ ਨੂੰ ਵਧੇਰੇ ਸੰਵੇਦਨਸ਼ੀਲ ਬਣਾਉਣ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਏ ।

ਉਨ੍ਹਾਂ ਕਿਹਾ ਕਿ ਭਾਰਤੀ ਕਲਾ ਨਿਰੰਤਰ ਵਿਕਸਤ ਹੋ ਰਹੀ ਏ ਅਤੇ ਨਵੇਂ ਆਯਾਮ ਪੇਸ਼ ਕਰ ਰਹੀ ਏ ।

BYTE

-------------------------------------------------

ਚੋਣ ਕਮਿਸ਼ਨ ਨੇ ਲੁਧਿਆਣਾ ਤੋਂ ਇੱਕ ਰਾਜ ਸਭਾ ਸੀਟ ਲਈ ਜ਼ਿਮਨੀ -ਚੋਣ ਦਾ ਐਲਾਨ ਕੀਤਾ, ਜੋ ਇਸ ਸਾਲ ਜੁਲਾਈ ਵਿੱਚ ਸੰਜੀਵ ਅਰੋੜਾ ਦੇ ਅਸਤੀਫ਼ੇ ਤੋਂ ਬਾਅਦ ਖਾਲੀ ਹੋ ਗਈ ਸੀ । ਚੋਣਾਂ ਲਈ ਨੋਟੀਫਿਕੇਸ਼ਨ 6 ਅਕਤੂਬਰ ਨੂੰ ਜਾਰੀ ਕੀਤਾ ਜਾਵੇਗਾ। ਵੋਟਿੰਗ ਅਤੇ ਗਿਣਤੀ 24 ਅਕਤੂਬਰ ਨੂੰ ਹੋਵੇਗੀ।

-------------------------------------------------

ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਕਈ ਪਿੰਡ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਨੇ । ਇਨ੍ਹਾਂ ਪਿੰਡਾਂ ਦੇ ਬੱਚਿਆਂ ਨੂੰ ਅਜੇ ਵੀ ਉੱਚ ਸਿੱਖਿਆ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਸ਼ਹਿਰਾਂ ਦਾ ਸਫ਼ਰ ਕਰਨਾ ਪੈਂਦਾ ਏ । ਇਸੇ ਸਿਲਸਿਲੇ ਵਿਚ ਇਕ ਉਪਰਾਲਾ ਕਰਦਿਆਂ ਪਠਾਨਕੋਟ ਦੇ ਪਿੰਡ ਰਾਮ-ਕਲਮਾ ਦੀ ਪੰਚਾਇਤ ਨੇ BSNL

ਨਾਲ ਸਾਂਝੇਦਾਰੀ ਕੀਤੀ ਏ ਤਾਂ ਜੋ ਪੂਰੇ ਪਿੰਡ ਨੂੰ Wi-Fi ਸਿਸਟਮ ਨਾਲ ਜੋੜਿਆ ਜਾ ਸਕੇ ਤਾਂ ਜੋ ਬੱਚੇ ਬਾਹਰ ਯਾਤਰਾ ਕੀਤੇ ਬਿਨਾਂ ਔਨਲਾਈਨ ਪੜ੍ਹਾਈ ਕਰ ਸਕਣ। ਪਿੰਡ ਵਿੱਚ Wi-Fi ਕਨੈਕਸ਼ਨ ਲਗਾਏ ਗਏ ਹਨ, ਅਤੇ ਪੰਚਾਇਤ ਬਿੱਲ ਵੀ ਅਦਾ ਕਰੇਗੀ । ਪੰਚਾਇਤ ਵਲੋਂ ਲੋਕਾਂ ਖਾਸਕਰ ਪੜ੍ਹਾਈ ਕਰਨ ਵਾਲੇ ਬੱਚਿਆਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ, ਪੂਰੇ ਪਿੰਡ ਵਿੱਚ Wi-Fi ਕਨੈਕਸ਼ਨ ਲਗਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਨੇ ਕਿਹਾ ਕਿ ਪੰਚਾਇਤ ਦੇ ਯਤਨ ਸ਼ਲਾਘਾਯੋਗ ਨੇ ਅਤੇ ਇਸ ਨਾਲ ਗਰੀਬ ਬੱਚਿਆਂ ਨੂੰ ਲਾਭ ਹੋਵੇਗਾ। ਉਨ੍ਹਾਂ ਨੇ ਹੋਰ ਸਰਹੱਦੀ ਪੰਚਾਇਤਾਂ ਨੂੰ ਇਸ ਤੋਂ ਸਿੱਖਣ ਦੀ ਅਪੀਲ ਕੀਤੀ।

BYTE

------------------------------------------------------

ਪੰਜਾਬ ਸਰਕਾਰ ਨੇ ਡਾਕਟਰਾਂ ਨੂੰ ਓਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕਰਨ ਲਈ ਆਪਣੀ ਕਿਸਮ ਦੀ ਪਹਿਲੀ ਨੀਤੀ ਪੇਸ਼ ਕੀਤੀ ਏ ।

ਅੱਜ ਇੱਕ ਪ੍ਰੈਸ ਕਾਨਫਰੰਸ ਵਿੱਚ ਇਸ ਬਾਰੇ ਐਲਾਨ ਕਰਦਿਆਂ, ਸੂਬੇ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਡਾ. ਬਲਬੀਰ ਸਿੰਘ ਨੇ ਕਿਹਾ ਕਿ ਹਰ ਸਾਲ ਰਾਜ ਪੱਧਰੀ ਪ੍ਰੋਗਰਾਮ ਵਿੱਚ 60 ਡਾਕਟਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਹ ਪੁਰਸਕਾਰ   ਚਾਰ ਸ਼੍ਰੇਣੀਆਂ ਵਿੱਚ ਹੋਣਗੇ, ਜਿਨ੍ਹਾਂ ਵਿੱਚ ਸੂਬਾ ਪੱਧਰੀ ਸਰਬੋਤਮ ਡਾਕਟਰ ਪੁਰਸਕਾਰ  ਜ਼ਿਲ੍ਹਾ ਪੱਧਰੀ ਉੱਤਮਤਾ ਪੁਰਸਕਾਰ ਨਵੀਆਂ ਕਾਢਾਂ ਜਾਂ ਜਨਤਕ ਸਿਹਤ ਲੀਡਰਸ਼ਿਪ ਲਈ ਵਿਸ਼ੇਸ਼ ਮਾਨਤਾ, ਅਤੇ ਨਿੱਜੀ ਖੇਤਰ ਵਿੱਚ ਜਨਤਕ ਸੇਵਾ ਲਈ ਵਿਸ਼ੇਸ਼ ਮਾਨਤਾ ਸ਼ਾਮਲ ਨੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸੇ ਤਰਜ਼ 'ਤੇ,ਮੂਹਰਲੀ ਕਤਾਰ  'ਤੇ ਕੰਮ ਕਰ ਰਹੇ ਸਿਹਤ ਵਿਭਾਗ ਵਿੱਚ ਆਸ਼ਾ ਵਰਕਰਾਂ, ਨਰਸਾਂ ਅਤੇ ਹੋਰ ਅਮਲੇ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

-----------------------------------------------------------

ਅਗਲੀ ਪੀੜ੍ਹੀ ਦੇ ਜੀਐਸਟੀ ਸੁਧਾਰ ਭਾਰਤ ਦੀ ਅਸਿੱਧੀ ਟੈਕਸ ਪ੍ਰਣਾਲੀ ਨੂੰ ਸਰਲ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਨੇ. ਹੁਣ ਲੋਕ ਜੀਐਸਟੀ ਸੁਧਾਰਾਂ ਦਾ ਲਾਭ ਉਠਾ ਸਕਦੇ ਨੇ, ਜੋ ਕਿ ਇਸ ਮਹੀਨੇ ਦੀ

22 ਤਰੀਕ ਤੋਂ ਲਾਗੂ ਹੋ ਚੁੱਕੇ ਨੇ. ਨਵੇਂ ਢਾਂਚੇ ਤਹਿਤ, ਜੀਐਸਟੀ ਕੌਂਸਲ ਨੇ 5, 12, 18 ਅਤੇ 28 ਫੀਸਦੀ ਦੇ ਪਹਿਲਾਂ ਦੇ ਚਾਰ-ਪੱਧਰੀ ਢਾਂਚੇ ਨੂੰ ਸਰਲ ਬਣਾ ਕੇ 5 ਫੀਸਦੀ ਅਤੇ 18 ਫੀਸਦੀ ਦੇ ਦੋ ਪੱਧਰੀ ਢਾਂਚੇ ਵਿੱਚ ਬਦਲ ਦਿੱਤਾ ਏ। ਵਸਤਾਂ ਅਤੇ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ 'ਤੇ ਟੈਕਸ ਦਰਾਂ ਘਟਾ ਕੇ, ਸੁਧਾਰ ਨਾਗਰਿਕਾਂ ਨੂੰ ਕਾਫ਼ੀ ਰਾਹਤ ਦੇ ਰਹੇ ਨੇ.

ਇੱਕ ਰਿਪੋਰਟ-

ਸਰਕਾਰ ਨੇ ਆਮ ਆਦਮੀ ਦੇ ਖਰਚਿਆਂ ਨੂੰ ਘਟਾਉਣ ਲਈ ਖੁਰਾਕੀ ਉਤਪਾਦਾਂ 'ਤੇ ਟੈਕਸ ਵਿੱਚ ਵੱਡੀਆਂ ਕਟੌਤੀਆਂ ਕੀਤੀਆਂ ਨੇ. ਆਮ ਆਦਮੀ ਨੂੰ ਰਾਹਤ ਪ੍ਰਦਾਨ ਕਰਨ ਲਈ, ਸਰਕਾਰ ਨੇ ਖਾਣ-ਪੀਣ ਦੀਆਂ ਸਿਹਤਮੰਦ ਆਦਤਾਂ ਨੂੰ ਉਤਸ਼ਾਹਿਤ ਕਰਨ ਅਤੇ ਲੋਕਾਂ ਨੂੰ ਸਿਹਤਮੰਦ ਅਤੇ ਕਿਫਾਇਤੀ ਸਨੈਕ ਵਿਕਲਪ ਪ੍ਰਦਾਨ ਕਰਨ ਲਈ ਬਦਾਮ, ਹੇਜ਼ਲਨਟ, ਖਜੂਰ ਅਤੇ ਅੰਜੀਰ ਵਰਗੇ ਸੁੱਕੇ ਭੋਜਨ 'ਤੇ ਜੀਐਸਟੀ 12 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰ ਦਿੱਤਾ ਏ। ਇਸੇ ਤਰ੍ਹਾਂ ਸ਼ੂਗਰ ਦੇ ਮਰੀਜ਼ਾਂ ਲਈ ਮਾਲੀ ਬੋਝ ਨੂੰ ਘੱਟ ਕਰਨ ਲਈ ਵਿਸ਼ੇਸ਼ ਖੁਰਾਕ ਉਤਪਾਦਾਂ ਸਮੇਤ ਸ਼ੂਗਰ ਦੇ ਮਰੀਜਾਂ ਲਈ ਸੁਖਾਵੇਂ ਭੋਜਨ 'ਤੇ ਟੈਕਸ ਦਰਾਂ ਨੂੰ ਵੀ ਘਟਾ ਕੇ 5 ਫੀਸਦੀ ਕਰ ਦਿੱਤਾ ਗਿਆ ਏ। ਇਸ ਦੇ ਨਾਲ, ਸੁੱਕੇ ਮੇਵਿਆਂ 'ਤੇ GST ਦੀ ਦਰ ਨੂੰ ਵੀ 12 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰ ਦਿੱਤਾ ਗਿਆ ਏ ਜਿਸ ਨਾਲ ਘਰੇਲੂ ਪੋਸ਼ਣ ਵਿੱਚ ਸੁਧਾਰ ਯਕੀਨੀ ਬਣਾਇਆ ਜਾ ਸਕੇ। ਇਸ ਫੈਸਲੇ ਦਾ ਉਦੇਸ਼ ਕਿਫਾਇਤੀ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ, ਸਿਹਤ ਲਈ ਚੰਗੇ ਸਸਤੇ ਭੋਜਨ ਨੂੰ ਯਕੀਨੀ ਬਣਾਉਣਾ ਅਤੇ ਨਾਗਰਿਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕਰਨਾ ਏ। ਅਗਲੀ ਪੀੜ੍ਹੀ ਦੇ ਜੀਐਸਟੀ ਸੁਧਾਰਾਂ ਤਹਿਤ ਦਰਾਂ ਨੂੰ ਤਰਕਸੰਗਤ ਬਣਾਇਆ ਜਾਣਾ, ਦੇਸ਼ ਭਰ ਦੇ ਲੋਕਾਂ ਨੂੰ ਰੋਜ਼ਾਨਾ ਪੋਸ਼ਣ ਯਕੀਨੀ ਬਣਾਉਣ ਅਤੇ ਸਿਹਤਮੰਦ ਭੋਜਨ ਦੀ ਖਪਤ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਫੈਸਲਾਕੁੰਨ ਕਦਮ ਨੂੰ ਦਰਸਾਉਂਦਾ ਏ. ਨਵੇਂ ਸੁਧਾਰ ਤੋਂ ਮੱਧ-ਸ਼੍ਰੇਣੀ ਦੇ ਨੌਜਵਾਨਾਂ ਅਤੇ ਸ਼ਹਿਰੀ ਕੰਮ

ਕਰਨ ਵਾਲੇ ਪੇਸ਼ੇਵਰਾਂ ਲਈ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪਹੁੰਚ ਦਾ ਪਸਾਰ ਹੋਣ ਦੀ ਉਮੀਦ ਏ।

---------------------------------------------------------------

1965 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਭਾਰਤ ਦੀ ਇਤਿਹਾਸਕ ਜਿੱਤ ਦੀ ਡਾਇਮੰਡ ਜੁਬਲੀ ਚੰਡੀਮੰਦਰ ਸਥਿਤ ਪੱਛਮੀ ਕਮਾਂਡ ਹੈੱਡਕੁਆਰਟਰ ਵੀਰ ਸਮ੍ਰਿਤੀ ਵਿਖੇ ਮਨਾਈ ਗਈ । ਸਮਾਰੋਹ ਦੀ ਸ਼ੁਰੂਆਤ ਛੇ ਦਹਾਕੇ ਪਹਿਲਾਂ ਬੇਮਿਸਾਲ ਹਿੰਮਤ ਨਾਲ ਲੜਨ ਵਾਲੇ ਭਾਰਤੀ ਸੈਨਿਕਾਂ ਦੇ ਸਰਵਉੱਚ ਬਲੀਦਾਨ ਅਤੇ ਅਜਿੱਤ ਬਹਾਦਰੀ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਹੋਈ । ਸਾਬਕਾ ਫੌਜ ਕਮਾਂਡਰਾਂ, ਫੌਜ ਮੁਖੀਆਂ ਅਤੇ ਸੀਨੀਅਰ ਸਾਬਕਾ ਸੈਨਿਕਾਂ ਅਤੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ਼, ਪੱਛਮੀ ਕਮਾਂਡ, ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਸ਼ਰਧਾਂਜਲੀ ਭੇਟ ਕੀਤੀ, ਜਿਸ ਤੋਂ ਬਾਅਦ ਹਰਿਆਣਾ ਦੇ ਰਾਜਪਾਲ ਅਸ਼ੀਮ ਕੁਮਾਰ ਘੋਸ਼ ਨੇ ਸ਼ਰਧਾਂਜਲੀ ਭੇਟ ਕੀਤੀ। 1965 ਦੀ ਜੰਗ ਦੇ ਸਾਬਕਾ ਸੈਨਿਕਾਂ ਦੇ ਨਾਲ-ਨਾਲ ਉਨ੍ਹਾਂ ਦੀ ਸ਼ਰਧਾਂਜਲੀ ਦੇਸ਼ ਦੇ ਸ਼ਹੀਦਾਂ ਪ੍ਰਤੀ ਡੂੰਘੀ ਸ਼ੁਕਰਗੁਜ਼ਾਰੀ ਨੂੰ ਦਰਸਾਉਂਦੀ ਏ । ਇਸ ਮੌਕੇ  ਰਾਜਪਾਲ ਨੇ ਭਾਰਤੀ ਫੌਜ ਦੀ ਬਹਾਦਰੀ, ਸਮਰਪਣ

ਅਤੇ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਪੰਜਾਬ, ਰਾਜਸਥਾਨ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਪੱਛਮੀ ਕਮਾਂਡ ਵਲੋਂ ਨਿਭਾਈ ਗਈ । ਨਿਰਣਾਇਕ ਭੂਮਿਕਾ ਨੂੰ ਉਜਾਗਰ ਕੀਤਾ । ਉਨ੍ਹਾਂ ਨੇ ਸ਼ਹੀਦਾਂ ਦੀ ਮਿਸਾਲੀ ਹਿੰਮਤ ਦਾ ਵਿਸ਼ੇਸ਼ ਜ਼ਿਕਰ ਕੀਤਾ, ਜਿਨ੍ਹਾਂ ਦੀ ਬਹਾਦਰੀ ਅਤੇ ਅਗਵਾਈ ਦੀਆਂ ਗਾਥਾਵਾਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ। ਉਨ੍ਹਾਂ ਨੇ ਸਾਰੇ ਰੈਂਕਾਂ ਨੂੰ ਭਾਰਤੀ ਫੌਜ ਦੀਆਂ ਉੱਤਮ ਪਰੰਪਰਾਵਾਂ ਨੂੰ ਕਾਇਮ ਰੱਖਣ ਲਈ ਕਿਹਾ ਅਤੇ ਦੇਸ਼ ਦੀ ਪ੍ਰਭੂਸੱਤਾ ਅਤੇ ਸਨਮਾਨ ਦੀ ਰੱਖਿਆ ਲਈ ਸਮੂਹਿਕ ਸੰਕਲਪ ਦੀ ਪੁਸ਼ਟੀ ਕੀਤੀ।

--------------------------------------------------------

ਓਧਰ ਨਹਿਰੂ ਯੁਵਾ ਕੇਂਦਰ ਨਾਲ ਸੰਬੰਧਿਤ ਸੰਸਥਾ ਕਲਾ ਸੁਮਨ ਰੰਗ ਮੰਚ ਵੱਲੋਂ  ਆਪਰੇਸ਼ਨ ਸੰਦੂਰ ਨੂੰ ਸਮਰਪਿਤ ਹਿੰਦੀ ਪੰਦਰਵਾੜਾ ਮਨਾਇਆ ਗਿਆ। ਤਰਨ ਤਾਰਨ ਦੇ ਸਕੂਲ ਆਫ ਐਮੀਨੈਂਸ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਦੂਰਦਰਸ਼ਨ ਦੇ ਸਾਬਕਾ ਡਿਪਟੀ ਡਾਇਰੈਕਟਰ ਡਾਕਟਰ ਓਮਗੋਰੀ ਦੱਤ ਸ਼ਰਮਾ ਅਤੇ ਪੰਜਾਬ ਪੁਲਸ ਦੇ ਡਾਇਰੈਕਟਰ ਰਵਿੰਦਰ ਪਾਲ ਸਿੰਘ ਗਰੋਵਰ ਨੇ ਮੁੱਖ ਮਹਿਮਾਨ ਵਜੋਂ

ਸ਼ਿਰਕਤ ਕੀਤੀ। ਇਹ ਸਮਾਗਮ ਵਿੱਚ ਵੱਖ-ਵੱਖ ਬੁਲਾਰਿਆਂ ਨੇ ਹਿੰਦੀ ਭਾਸ਼ਾ ਨੂੰ ਸਰਵ ਸੁਰੇਸ਼ਟ ਸੰਚਾਰ ਦੀ ਭਾਸ਼ਾ ਦੱਸਦੇ ਹੋਏ ਕਿਹਾ ਕਿ ਹਿੰਦੀ ਭਾਸ਼ਾ ਨਾਲ ਭਾਰਤ ਦੇ ਹਰ ਰਾਜ ਦੇ ਲੋਕ ਭਾਸ਼ਾਈ ਰੂਪ ਵਿੱਚ ਆਪਸ ਵਿੱਚ ਜੁੜੇ ਹੋਏ ਹਨ। ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵਿਚਕਾਰ ਹਿੰਦੀ ਭਾਸ਼ਾ ਉੱਪਰ ਨਿਬੰਧ ਲੇਖਣ, ਭਾਸ਼ਣ ਮੁਕਾਬਲੇ, ਕਵਿਤਾ ਗਾਇਨ, ਕੋਰੀਓਗ੍ਰਾਫੀ ਅਤੇ ਪ੍ਰਸ਼ਨੋਤਰੀ ਕਰਵਾਈ ਗਈ।

---------------------------------------------------------------

ਲੁਧਿਆਣਾ ਦੇ ਭਾਰਤ ਨਗਰ ਚੌਂਕ ਨੇੜੇ ਇੱਕ ਘਰ ਦੇ ਵਿੱਚ ਅੱਗ ਲਗਨ ਕਾਰਨ ਇਕ ਬਜ਼ੁਰਗ ਔਰਤ ਅਤੇ ਬੱਚੇ ਦੀ ਹੋਈ ਮੌਤ ਹੋ ਗਈ। ਸਾਡੇ ਪਤਰਕਾਰ ਨੇ ਦਸਿਆ ਕਿ ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਨੇ ਅੱਗ ਤੇ ਕਾਬੂ ਪਾਇਆ ਅਤੇ ਘਰ ਦੇ ਅੰਦਰ ਮੌਜੂਦ ਮੈਂਬਰਾਂ ਨੂੰ ਬਾਹਰ ਕੱਢਿਆ। ਊਨਾ ਦਸਿਆ ਕਿ ਘਰ ਦੇ ਵਿੱਚ ਇੱਕ ਉੱਨ ਦਾ ਗੋਦਾਮ ਵੀ ਬਣਾਇਆ ਹੋਇਆ ਸੀ। ਅੱਗ ਲੱਗਣ ਦਾ ਕਾਰਨ ਸ਼ੋਰਟ ਸਰਕਟ ਦਸਿਆ ਜਾ ਰਿਹਾ ਏ ਬਜ਼ੁਰਗ ਔਰਤ ਅਤੇ ਉਸਦੇ ਪੋਤੇ ਨੂੰ ਬਾਹਰ

ਕੱਢਿਆ ਗਿਆ ਉਹਨਾਂ ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਸੀ ਤੁਰੰਤ ਹਸਪਤਾਲ ਵਿੱਚ ਭੇਜਿਆ ਗਿਆ ਪਰ ਜ਼ਖਮ ਦੀ ਤਾਬ ਨਾ ਝਲਦਿਆਂ ਉਨ੍ਹਾਂ ਦਮ ਤੋੜ ਦਿੱਤਾ।

----------------------------------------------------------

ਅੰਮ੍ਰਿਤਸਰ ਦਿਹਾਤੀ ਪੁਲਿਸ ਨੇ 6 ਕਿਲੋ ਹੈਰੋਇਨ ਸਮੇਤ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਏ। ਅਟਾਰੀ ਦੇ ਡੀ.ਐਸ.ਪੀ ਲਖਵਿੰਦਰ ਸਿੰਘ ਕਲੇਰ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਹਿਚਾਣ ਜੋਬਨਪ੍ਰੀਤ ਸਿੰਘ ਵਜੋਂ ਹੋਈ ਏ। ਪੁਲਿਸ ਨੇ ਖਾਸਾ ਓਵਰਬ੍ਰਿਜ ਦੇ ਨੇੜੇ ਨਾਕਾਬੰਦੀ ਦੌਰਾਨ ਮੋਟਰਸਾਈਕਲ ਸਵਾਰ ਇੱਕ ਨੌਜਵਾਨ ਦੀ ਤਲਾਸ਼ੀ ਲਈ ਗਈ ਤਾਂ ਬੈਗ ਵਿੱਚੋਂ 6 ਕਿਲੋ ਹੈਰੋਇਨ ਬਰਾਮਦ ਹੋਈ। ਡੀ.ਐਸ.ਪੀ ਨੇ ਵੇਰਵੇ ਸਾਂਝੇ ਕਰਦਿਆਂ ਕਿਹਾ।

BYTE

----------------------------------------------------------

ਪੁਲਿਸ ਨੇ ਗੋਲੀਆਂ ਚਲਾ ਕੇ ਫਿਰੋਤੀਆਂ ਮੰਗਣ ਵਾਲੇ ਦੋ ਨੌਜਵਾਨਾਂ ਨੂੰ ਨਜਾਇਜ਼ ਪਿਸਤੌਲ ਅਤੇ ਇਕ ਜਿੰਦਾ ਕਾਰਤੂਸ ਸਮੇਤ ਕਾਬੂ ਕੀਤਾ ਏ

।ਸ੍ਰੀ ਹਰਗੋਬਿੰਦਪੁਰ ਸਾਹਿਬ ਦੇ  ਡੀ ਐਸ ਪੀ ਹਰੀਸ਼ ਬਹਿਲ ਨੇ ਦੱਸਿਆ ਕਿ ਸੀ ਆਈ ਏ ਸਟਾਫ ਬਟਾਲਾ ਦੇ ਇੰਚਾਰਜ ਸੁਖਰਾਜ ਸਿੰਘ ਨੇ ਸਾਂਝੀ ਕਾਰਵਾਈ ਕਰਦਿਆਂ ਹੋਇਆਂ ਫਿਰੋਤੀਆਂ ਮੰਗਣ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ । ਪੁੱਛਗਿੱਛ ਤੋਂ ਬਾਅਦ ਖੁਲਾਸਾ ਹੋਇਆ ਕਿ ਇਹਨਾਂ ਵਾਰਦਾਤਾਂ ਦਾ ਮੁਖ ਸਾਜ਼ਿਸ਼ ਕਰਤਾ  ਪਲਵਿੰਦਰ ਸਿੰਘ ਉਰਫ ਬਿੱਲਾ ਏ ਜੋ  ਬੈਲਜੀਅਮ ਵਿੱਚ ਰਹਿੰਦਾ ਏ । ਉਨ੍ਹਾਂ ਕਿਹਾ ਕਿ ਬਾਕੀ ਮੁਲਜ਼ਮਾਂ ਦੀ ਭਾਲ ਜਾਰੀ  ਏ ।

-------------------------------------------------

ਅੱਜ ਏਸ਼ੀਆ ਕੱਪ ਟਵੇਂਟ -20 ਕ੍ਰਿਕਟ ਮੈਚ ਦੇ ਸੁਪਰ ਫੋਰ ਗੇੜ ਵਿੱਚ ਭਾਰਤ ਦਾ ਮੁਕਾਬਲਾ ਬੰਗਲਾਦੇਸ਼ ਨਾਲ ਹੋਵੇਗਾ। ਇਹ ਮੈਚ ਦੁਬਈ ਵਿੱਚ ਰਾਤ 8 ਵਜੇ ਖੇਡਿਆ ਜਾਵੇਗਾ। ਅੱਜ ਦੇ ਮੈਚ ਦਾ ਜੇਤੂ ਫਾਈਨਲ ਵਿੱਚ ਪਹੁੰਚ ਜਾਵੇਗਾ। ਸੁਪਰ ਫੋਰ ਵਿੱਚ ਦੋਵਾਂ ਟੀਮਾਂ ਨੇ ਆਪਣੇ ਪਹਿਲੇ ਮੈਚ ਜਿੱਤੇ ਨੇ । ਭਾਰਤ ਨੇ ਪਾਕਿਸਤਾਨ ਨੂੰ  ਅਤੇ ਬੰਗਲਾਦੇਸ਼ ਨੇ ਸ਼੍ਰੀਲੰਕਾ ਨੂੰ ਹਰਾਇਆ ਏ ।

---

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਆਰਥਿਕ ਸ਼ਕਤੀ ਵਜੋਂ ਵਧਦੀ ਸਾਖ ਦੇ ਨਾਲ ਨਾਲ ਭਾਰਤ ਦੀ ਸੱਭਿਆਚਾਰਕ ਸ਼ਕਤੀ ਵਜੋਂ ਪਛਾਣ ਨੂੰ ਮਜ਼ਬੂਤ ਕਰਨ ਲਈ, ਸਾਂਝੇ ਉਪਰਾਲਿਆਂ ਦੀ ਲੋੜ 'ਤੇ ਜ਼ੋਰ ਦਿੱਤਾ।
- ਚੋਣ ਕਮਿਸ਼ਨ ਵਲੋਂ ਲੁਧਿਆਣਾ ਤੋਂ ਇੱਕ ਰਾਜ ਸਭਾ ਸੀਟ ਲਈ ਜ਼ਿਮਨੀ-ਚੋਣ ਦਾ ਐਲਾਨ।
- ਪਠਾਨਕੋਟ ਜ਼ਿਲੇ ਦੇ ਪਿੰਡ ਰਾਮ-ਕਲਮਾ ਦੀ ਪੰਚਾਇਤ ਨੇ ਨਿਵੇਕਲੀ ਪਹਿਲਕਦਮੀ ਕਰਦਿਆਂ ਬੱਚਿਆਂ ਨੂੰ ਔਨਲਾਈਨ ਪੜ੍ਹਾਈ ਦੀ ਸਹੂਲਤ ਦੇਣ ਲਈ, BSNL ਨਾਲ ਸਾਂਝੇਦਾਰੀ ਕਰਕੇ ਪੂਰੇ ਪਿੰਡ ਨੂੰ Wi-Fi ਸਿਸਟਮ ਨਾਲ ਜੋੜਿਆ ।
- ਫੌਜ ਦੀ ਪੱਛਮੀ ਕਮਾਂਡ ਵਲੋਂ 1965 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਭਾਰਤ ਦੀ ਇਤਿਹਾਸਕ ਜਿੱਤ ਦੀ ਡਾਇਮੰਡ ਜੁਬਲੀ ਉਤਸ਼ਾਹ ਨਾਲ ਮਨਾਈ ਗਈ।
- ਲੁਧਿਆਣਾ ਦੇ ਇੱਕ ਘਰ ਵਿੱਚ ਅੱਗ ਲਗਨ ਕਾਰਨ, ਇੱਕ ਬਜ਼ੁਰਗ ਔਰਤ ਅਤੇ ਬੱਚੇ ਦੀ ਹੋਈ ਮੌਤ ।

- ਅੱਜ ਏਸ਼ੀਆ ਕੱਪ ਟਵੇਂਟ -20 ਕ੍ਰਿਕਟ ਮੈਚ ਦੇ ਸੁਪਰ ਫੋਰ ਗੇੜ ਵਿੱਚ ਭਾਰਤ ਦਾ ਮੁਕਾਬਲਾ ਬੰਗਲਾਦੇਸ਼ ਨਾਲ ਹੋਵੇਗਾ।

---

**ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**